ਸਭ ਹੱਕ ਰਾਖਵੇ ਹਨ।

ਸਿੱਖ ਨੈਸ਼ਨਲ ਏਜੰਸੀ ਵਲੋਂ ਪ੍ਰਕਾਸ਼ਤ ਪੁਸਤਕ ਨੰ: ੧੨੬

ਇਕ ਪਤਿਬ੍ਰਤਾ ਇਸਤ੍ਰੀ ਦੀ ਵਾਰਤਾ

# ਕਮਲਾ

G. 777

ਤੇ

# ਮੀਰਾਂ ਬਾਈ

ਲੇਖਕ:-

ਗਿਆਨੀ ਪ੍ਰਤਾਪ ਸਿੰਘ ਜੀ

ਐਡੀਟਰ ਰਸਾਲਾ "ਮਸਤਾਨਾ" ਅੰਮ੍ਰਿਤਸਰ

LAHORE

ਪ੍ਰਕਾਸ਼ਕ

ਭਾ: ਬੂਟਾ ਸਿੰਘ ਪ੍ਰਤਾਪ ਸਿੰਘ

ਪੁਸਤਕਾਂ ਛਾਪਨ ਤੇ ਵੇਚਨ ਵਾਲੇ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਨੇ

---

ਅਪਨੇ ਗੁਰਦਿਆਲ ਸਿੰਘ ਪ੍ਰਿੰਟਿੰਗ ਪ੍ਰੈਸ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਵਿਚ ਛਾਪਿਆ।

ਪਹਿਲੀ ਵਾਰ ਮੁਲ ।)

ਇਕ ਪਤਿਬ੍ਰਤਾ ਇਸਤ੍ਰੀ ਦੀ ਸਿਖਜ਼ਾ ਦਾਇਕ ਵਾਰਤਾ

# ਕਮਲਾ

[ਲੇਖਕ:-ਗਿਆਨੀ ਪ੍ਰਤਾਪ ਸਿੰਘ ਜੀ
ਐਡੀਟਰ "ਮਸਤਾਨਾ" ਅੰਮ੍ਰਿਤਸਰ]

ਗੁਜਰਾਂ ਵਾਲੇ ਦੇ ਪ੍ਰਸਿੱਧ ਸੁਦਾਗਰ ਸੁਦਾਰ ਹੇਮ ਸਿੰਘ ਦੀ ਇਕੋ ਇਕ ਸਪੁਤ੍ਰੀ ਕਮਲਾ ਸੀ, ਜਿਸਨੂੰ ਸਰਦਾਰ ਜੀ ਛੋਟੀ ਅਵਸਥਾ ਵਿਚ ਛਡਕੇ ਹੀ ਇਸ ਸੰਸਾਰ ਤੋਂ ਚਲਾਨਾ ਕਰ ਗਏ ਸੀ। ਕਮਲਾ ਦੀ ਮਾਤਾ ਨੇ ਉਸਨੂੰ ਆਪਣੇ ਪਤੀ ਦੀ ਨਿਸ਼ਾਨੀ ਸਮਝ ਕੇ ਬੜੇ ਲਾਡ ਪਿਆਰ ਨਾਲ ਪਾਲਿਆ ਚੰਗੀਆਂ ਚੰਗੀਆਂ ਸਿਖਿਆ ਅਰ ਘਰ ਦੇ ਕੰਮ ਕਾਰ ਵਿੱਚ ਚੰਗੀ ਤਰਾਂ ਉਸਨੂੰ ਤਾਕ ਕਰ ਦਿਤਾ ਸੀ। ਜਦ ਕਮਲਾ ਕੋਈ ੧੫ ਸੋਲਾਂ ਸਾਲਾਂ ਦੀ ਹੋ ਗਈ ਤਾਂ ਇਸਦੇ ਵਿਆਹੁਣ ਦਾ ਫਿਕਰ ਇਸਦੀ ਮਾਤਾ ਨੂੰ ਹੋਇਆ। ਸ਼ੈਹਰ ਵਿਚ

ਕਮਲਾ ਦੇ ਗੁਣਾਂ ਦੀ ਅਰ ਸੁੰਦਰਤਾ ਦੀ ਬੜੀ ਚਰਚਾ ਸੀ। ਸ਼ੈਹਰ ਵਿਚੋਂ ਤਿੰਨਾਂ ਘਰਾਂ ਤੋਂ ਇਸਦੀ ਮਾਤਾ ਕੋਲ ਸਾਕ ਵਾਸਤੇ ਆਦਮੀਂ ਆਉਂਣ ਲਗੇ। ਇਕ ਤਾਂ ਸਰਦਾਰ ਚੰਚਲ ਸਿੰਘ ਦਾ ਪੁਤ੍ਰ ਚਰਨਜੀਤ ਸਿੰਘ ਸੀ, ਦੂਸਰਾ ਸਰਦਾਰ ਕੇਸਰ ਸਿੰਘ ਜੋ ਹੁਣੇ ਹੀ ਲੈਤੋਂ ਬਰਿਸਟ੍ਰੀ ਪਾਸ ਕਰਕੇ ਆਇਆ ਸੀ। ਤੀਜੇ ਸਰਦਾਰ ਕਰਮ ਸਿੰਘ ਸੀ ਜੋ ਸ਼ੈਹਰ ਵਿਚ ਹੁਣੇ ਹੀ ਪੁਲਸ ਦੇ ਸਬ ਇੰਨਸਪੈਕਟਰ ਬਨਕੇ ਆਏ ਸਨ। ਕਮਲਾ ਹੁਣ ਸਿਆਨੀ ਹੋ ਚੁੱਕੀ ਸੀ ਇਸ ਲਈ ਉਸਦੀ ਮਾਤਾ ਨੇ ਕਮਲਾ ਦੀ ਸਲਾਹ ਲੈਣੀ ਚੰਗੀ ਸਮਝੀ। ਪੈਹਲਾਂ ਤਾਂ ਕਮਲਾ ਸ਼ਰਮ ਦੀ ਮਾਰੀ ਚੁਪ ਕਰ ਰਹੀ ਪਰ ਦੋ ਚਾਰ ਦਿਨ ਦੇ ਪਿਛੋਂ ਸੋਚ ਵਿਚਾਰ ਕੇ ਉਸਨੇ ਸਰਦਾਰ ਚੰਚਲ ਸਿੰਘ ਜੋ ਇਮਾਰਤੀ ਲਕੜੀਆਂ ਦੇ ਸੁਦਾਗਰ ਸਨ, ਉਨ੍ਹਾਂ ਦੇ ਲੜਕੇ



ਚਰਨਜੀਤ ਸਿੰਘ ਨੂੰ ਹੀ ਪਤੀ ਨੀਯਤ ਕੀਤਾ।

## ੨.

ਵਿਆਹ ਹੋ ਚੁਕਨ ਦੇ ਕੁਝ ਦਿਨਾਂ ਪਿਛੋਂ ਅਚਾਨਕ ਹੀ ਸਰਦਾਰ ਚੰਚਲ ਸਿੰਘ ਦਾ ਚਲਾਨਾ ਹੋ ਗਿਆ ਅਰ ਕੰਮ ਕਾਰ ਦਾ ਸਾਰਾ ਭਾਰ ਸਰਦਾਰ ਚਰਨਜੀਤ ਸਿੰਘ ਤੇ ਆ ਪਿਆ ਅਰ ਨਾਲ ਹੀ ਖੁਸ਼ਾਮਦੀਆਂ ਦੇ ਆਨ ਡੇਰੇ ਲਗੇ। ਨਤੀਜਾ ਇਹ ਹੋਇਆ ਕਿ ਸਾਲ ਭਰ ਦੇ ਅੰਦਰ ਅੰਦਰ ਹੀ ਖੁਸ਼ਾਮਦੀਆਂ ਨੇ ਸ੍ਰਦਾਰ ਚਰਨਜੀਤ ਸਿੰਘ ਦਾ ਦਵਾਲਾ ਕਢਵਾ ਦਿੱਤਾ, ਸਭ ਜਾਇਦਾਦ ਕਰਜ਼ਦਾਰਾਂ ਨੇ ਕੁੜਕ ਕਰਾ ਲਈ।

ਇਨਾਂ ਦਿਨਾਂ ਵਿਚ ਹੀ ਕਮਲਾ ਨੂੰ ਇਕ ਲੜਕੀ ਹੋਈ। ਆਪਨੇ ਖਾਨ ਪੀਨ ਦੀ ਤੰਗੀ ਤੋਂ ਇਲਾਵਾ ਬੱਚੀ ਨੂੰ ਦੁਧ ਦੀ ਵੀ ਬੜੀ ਤੰਗੀ ਸੀ।

ਇਕ ਦਿਨ ਕਮਲਾ ਨੇ ਸਵੇਰੇ ਹੀ ਚਰਨਜੀਤ ਸਿੰਘ ਨੂੰ ਕਿਹਾ, ਅਜ ਤਾਂ ਖਾਨ ਨੂੰ ਮੁਠੀ ਭਰ ਅੰਨ ਵੀ ਨਹੀਂ, ਅਜ ਦਾ ਨਿਰਬਾਹ ਕਿਸਤਰਾਂ ਹੋਵੇਗਾ ?

"ਕੀ ਕਰਾਂ" ਇਹ ਕੈਹਕੇ ਚਰਨਜੀਤ ਸਿੰਘ ਉਠਿਆ ਅਰ ਆਪਨੇ ਵਿਚਾਰਾਂ ਵਿਚ ਗੋਤੇ ਖਾਂਦਾ ਹੋਇਆ ਚਾਰੇ ਪਾਸੇ ਤਕਨ ਲੱਗਾ, ਕਿ ਕੋਈ ਚੀਜ਼ ਮਿਲੇ ਤਾਂ ਅਜ ਦੀ ਸ਼ਰਾਬ ਦਾ ਝਟ ਲੰਘੇ। ਉਸਦੀ ਨਿਗਾਹ ਅਲਮਾਰੀ ਦੇ ਉਪਰ ਆਲੇ ਵਿਚ ਅਖਬਾਰਾਂ ਦੇ ਬੰਡਲ ਤੇ ਜਾ ਪਈ, ਬਸ ਓਹ ਬੰਡਲ ਚੁਕ ਲਿਆ ਅਰ ਲੈਕੇ ਤੁਰ ਪਿਆ। ਜਾਂਦਾ ਜਾਂਦਾ ਕੈਹਣ ਲੱਗਾ, ਬੱਸ ! ਮੈਂ ਹੁਨ ਜਾਂਦਾ ਹਾਂ ! ਜਾਂ ਤਾਂ ਪੈਹਲਾਂ ਜੇਹੀ ਦਸ਼ਾ ਵਿੱਚ ਬਹੁਤ ਸਾਰਾ ਧਨ ਲੈਕੇ ਆਵਾਂਗਾ, ਜਾਂ ਕਿਸੇ ਪਾਸੇ ਨਿਕਲ ਜਾਵਾਂਗਾ !"

ਇਹ ਸੁਣਕੇ ਕਮਲਾ ਦੀਆਂ ਚੀਕਾਂ ਨਿਕਲ



ਗਈਆਂ। ਰੋਂਦੀ ਹੋਈ ਨੇ ਪੈਰਾਂ ਤੇ ਸਿਰ ਰੱਖਕੇ ਕਿਹਾ 'ਮੈਨੂੰ ਨਿਮਾਣੀ ਨੂੰ ਛਡਕੇ ਕਿਤੇ ਨ ਜਾਓ। ਨਾਂ ਸੱਸ, ਨਾਂ ਮਾਂ, ਮੈਨੂੰ ਕਿਸ ਦੇ ਆਸਰੇ ਛਡ ਚਲੇ ਹੋ ? ਮੈਂ ਚੱਕੀ ਪੀਹ ਕੇ ਗੁਜ਼ਾਰਾ ਕਰ ਲਵਾਂਗੀ, ਪ੍ਰੰਤੂ ਮੈਨੂੰ ਛੱਡ ਕੇ ਨਾ ਜਾਓ !'

ਇਸ ਵਿਰਲਾਪ ਦਾ ਅਸਰ ਚਰਨਜੀਤਸਿੰਘ ਤੇ ਕੁਝ ਨਾ ਹੋਇਆ ਅਰ ਉਸ ਨੇ ਕਿਹਾ ਨਹੀਂ ! ਨਹੀਂ !! ਮੈਂ ਦਿਲ ਵਿਚ ਪਕਾ ਨਿਸਚਾ ਕਰ ਚੁਕਾ ਹਾਂ ਕਿ ਹੁਣ ਤੈਨੂੰ ਅਪਨਾ ਕਾਲਾ ਮੂੰਹ ਨਹੀਂ ਦਖਾਵਾਂਗਾ। ਮੈਂ ਬਹੁਤ ਬੁਰਾ ਕੀਤਾ ਜੋ ਤੇਰੇ ਜਹੀ ਸੁੰਦਰੀ ਦੀ ਜਵਾਨੀ ਨੂੰ ਕਲੰਕ ਲਾਇਆ, ਚੰਗਾ ਹੁੰਦਾ ਕਿ ਤੂੰ ਠਾਣੇਦਾਰ ਜਾਂ ਬੈਰਿਸਟਰ ਨਾਲ ਵਿਆਹੀ ਜਾਂਦੀ ਤੇ ਜਾਕੇ ਸੁਖ ਭੋਗਦੀਓਂ । ਪਰ ਹਛਾ ! ਤੇਰੀ ਕਿਸਮਤ ! ਮੈਂ ਹੁਨ ਜੇ ਮੁੜਾਂਗਾ ਹੀ ਤਾਂ ਅਸਲੀ ਹਾਲਤ ਨੂੰ ਸੁਧਾਰਕੇ ਹੀ ਮੁੜਾਂਗਾ,

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.